# ਗਾਈਡ

## ਬਚਪਨ ਦੀ ਮੁੱਢਲੀ ਸਿੱਖਿਆ ਅਤੇ ਦੇਖਭਾਲ ਖੇਤਰ ਦੀ ਪੜਤਾਲ ਸੰਬੰਧੀ ਕੋਈ ਪੱਖ ਰੱਖਣਾ

**ਤੁਸੀਂ ਇਸ ਜਾਂਚ ਦੌਰਾਨ ਆਪਣਾ ਪੱਖ ਰੱਖ ਕੇ (ਸੁਝਾਅ ਦੇ ਕੇ) ਇਸ ਕਮੇਟੀ ਨਾਲ ਆਪਣੇ ਵਿਚਾਰ ਅਤੇ ਅਨੁਭਵ ਸਾਂਝੇ ਕਰ ਸਕਦੇ ਹੋ। ਇਹ ਕਮੇਟੀ ਦੇ ਮੈਂਬਰਾਂ ਨੂੰ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਤੁਸੀਂ, ਤੁਹਾਡਾ ਪਰਿਵਾਰ, ਤੁਹਾਡੀ ਸੰਸਥਾ ਜਾਂ ਤੁਹਾਡਾ ਭਾਈਚਾਰਾ ਇਸ ਮੁੱਦੇ ਬਾਰੇ ਕੀ ਮਹਿਸੂਸ ਕਰਦੇ ਹਨ।**

### ਮੈਂ ਪੱਖ ਕਿਵੇਂ ਰੱਖ ਸਕਦਾ/ਦੀ ਹਾਂ?

ਇਸ ਜਾਂਚ ਵਿੱਚ ਤੁਸੀਂ ਈਮੇਲ ਰਾਹੀਂ ਲਿਖਤੀ ਵਿੱਚ ਆਪਣਾ ਪੱਖ (ਤੁਹਾਡੀ ਸਬਮਿਸ਼ਨ) ਰੱਖ ਸਕਦੇ ਹੋ। ਤੁਸੀਂ ਆਪਣੀ ਸਬਮਿਸ਼ਨ ਇਸ ਈਮੇਲ ਪਤੇ 'ਤੇ ਭੇਜ ਸਕਦੇ ਹੋ PortfolioCommittee3@parliament.nsw.gov.au ਜ਼ਰੂਰੀ ਨਹੀਂ ਕਿ ਸਬਮਿਸ਼ਨ ਲੰਬੀ, ਅਧਿਕਾਰਕ (formal) ਜਾਂ ਵਿਸਤ੍ਰਿਤ ਹੀ ਹੋਵੇ। ਬਸ ਇੰਨਾ ਚਾਹੀਦਾ ਹੈ ਕਿ ਇਸ ਪੜਤਾਲ (ਇੰਕੁਆਇਰੀ) ਵਾਸਤੇ ਤਿਆਰ ਕੀਤੀਆਂ ਗਈਆਂ ਹਵਾਲੇ ਦੀਆਂ ਸ਼ਰਤਾਂ (terms of reference) ਬਾਰੇ ਇਹ ਤੁਹਾਡੇ ਵਿਚਾਰ ਸਾਫ਼-ਸਾਫ਼ ਸਾਮ੍ਹਣੇ ਰੱਖੇ। ਹਵਾਲੇ ਦੀਆਂ ਸ਼ਰਤਾਂ ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਗਿਆ ਹੈ ਅਤੇ ਇਹ ਇੰਕੁਆਇਰੀ ਦੀ ਵੈੱਬਸਾਈਟ ਹਵਾਲੇ ਦੀਆਂ ਸ਼ਰਤਾਂ ਟੈਬ 'ਤੇ ਉਪਲਬਧ ਹਨ।

ਆਪਣੀ ਸਬਮਿਸ਼ਨ ਵਿੱਚ, ਤੁਹਾਨੂੰ ਇਹ ਸਭ ਕਰਨਾ ਚਾਹੀਦਾ ਹੈ:

- ਆਪਣਾ ਜਾਂ ਆਪਣੇ ਸੰਗਠਨ ਦੀ ਜਾਣ-ਪਛਾਣ ਕਰਵਾਓ,
- ਢੁਕਵੇਂ, ਸਪਸ਼ਟ ਅਤੇ ਸੰਖੇਪ ਰਹਿੰਦੇ ਹੋਏ ਆਪਣੇ ਵਿਚਾਰ ਸਾਂਝੇ ਕਰੋ,
- ਇਹ ਉਲੇਖ ਕਰੋ ਕਿ ਮੁੱਦੇ ਕੀ ਹਨ, ਅਤੇ ਸੰਭਾਵੀ ਹੱਲ/ਸਿਫ਼ਾਰਸ਼ਾਂ ਨੂੰ ਨਾਲ ਸ਼ਾਮਲ ਕਰੋ,
- ਦੂਜਿਆਂ ਬਾਰੇ ਗਲਤ ਟਿੱਪਣੀਆਂ ਸ਼ਾਮਲ ਕਰਨ ਤੋਂ ਪਰਹੇਜ਼ ਕਰੋ,
- ਇਸ ਗੱਲ ਵੱਲ ਇਸ਼ਾਰਾ ਕਰੋ ਕਿ ਤੁਸੀਂ ਸੁਣਵਾਈ 'ਚ ਗਵਾਹੀ ਦੇਣਾ ਚਾਹੁੰਦੇ ਹੋ ਜਾਂ ਨਹੀਂ।

ਜਮ੍ਹਾਂ ਕਰਨ ਦੀ ਆਖਰੀ ਮਿਤੀ **ਐਤਵਾਰ 15 ਜੂਨ 2025** ਹੈ। ਜੇਕਰ ਤੁਸੀਂ ਇਸ ਸਮਾਂ-ਸੀਮਾ ਨੂੰ ਵਧਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ PortfolioCommittee3@parliament.nsw.gov.au 'ਤੇ ਈਮੇਲ ਕਰੋ।

ਇੱਕ ਵਾਰ ਜਦੋਂ ਤੁਸੀਂ ਆਪਣੀ ਸਬਮਿਸ਼ਨ ਜਮ੍ਹਾਂ ਕਰਵਾ ਦਿੰਦੇ ਹੋ, ਤਾਂ ਉਸ 'ਤੇ ਕਾਰਵਾਈ ਪੂਰੀ ਕੀਤੇ ਜਾਣ 'ਤੇ ਤੁਹਾਨੂੰ ਇੱਕ ਸਵੀਕਾਰਨਾਮਾ (acknowledgement) ਈਮੇਲ ਪ੍ਰਾਪਤ ਹੋਵੇਗੀ।

### ਕੀ ਸਬਮਿਸ਼ਨਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ?

ਇੱਕ ਕਮੇਟੀ ਫੈਸਲਾ ਕਰੇਗੀ ਕਿ ਤੁਹਾਡੀ ਸਬਮਿਸ਼ਨ ਨੂੰ ਪ੍ਰਕਾਸ਼ਿਤ ਕੀਤਾ ਜਾਵੇ ਜਾਂ ਨਹੀਂ। ਜਦੋਂ ਤੁਸੀਂ ਆਪਣੀ ਸਬਮਿਸ਼ਨ ਦਰਜ ਕਰਦੇ ਹੋ ਤਾਂ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ:

- ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਬਮਿਸ਼ਨ ਪ੍ਰਕਾਸ਼ਿਤ ਹੋਵੇ, ਤੁਹਾਡੇ ਨਾਮ ਦੇ ਨਾਲ ਜਾਂ ਨਾਮ ਤੋਂ ਬਿਨਾਂ,
- ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਾਰੀ ਸਬਮਿਸ਼ਨ ਨੂੰ ਜਾਂ ਉਸ ਦੇ ਕੁਝ ਕੁ ਹਿੱਸੇ ਨੂੰ, ਜਿਸ ਵਿੱਚ ਤੁਹਾਡਾ ਨਾਮ ਸ਼ਾਮਲ ਹੈ, ਗੁਪਤ ਰੱਖਿਆ ਜਾਵੇ, ਜਿਸ ਵਿੱਚ ਇਸਦੇ ਕਾਰਨ ਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

ਸਬਮਿਸ਼ਨ ਪ੍ਰਕਾਸ਼ਿਤ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ, ਕਮੇਟੀ ਤੁਹਾਡੀ ਬੇਨਤੀ 'ਤੇ ਵਿਚਾਰ ਕਰੇਗੀ।

### ਸਬਮਿਸ਼ਨ ਕਿਉਂ ਕਰਨੀ ਚਾਹੀਦੀ ਹੈ?

ਸਬਮਿਸ਼ਨਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਅਕਸਰ ਕਮੇਟੀ ਦੀ ਰਿਪੋਰਟ ਵਿੱਚ ਸ਼ਾਮਲ ਕੀਤਾ ਜਾਂਦਾ ਹੈ (ਬਸ਼ਰਤੇ ਕਿ ਇਹ ਗੁਪਤ ਨਾ ਹੋਵੇ) ਅਤੇ ਇਹ ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ/ਜਾਂ ਫੈਸਲਿਆਂ ਬਾਰੇ ਖੁਲਾਸਾ ਕਰ ਸਕਦੀ ਹੈ। ਤੁਹਾਡੇ ਵੱਲੋਂ ਸਾਂਝੇ ਕੀਤੇ ਗਏ ਵਿਚਾਰ, ਅਨੁਭਵ ਜਾਂ ਕਹਾਣੀਆਂ ਬਹੁਮੁੱਲੀਆਂ ਹਨ, ਕਿਉਂਕਿ ਇਸਦਾ ਇੱਕ ਸ਼ਕਤੀਸ਼ਾਲੀ ਪ੍ਰਭਾਵ ਪੈ ਸਕਦਾ ਹੈ ਅਤੇ ਇਹ ਸਰਕਾਰੀ ਨੀਤੀਆਂ, ਫੈਸਲਿਆਂ ਜਾਂ ਕਾਨੂੰਨਾਂ ਵਿੱਚ ਬਦਲਾਅ ਲਿਆ ਸਕਦੀਆਂ ਹਨ।

## ਵਧੇਰੀ ਜਾਣਕਾਰੀ

ਇਸ ਜਾਂਚ (ਇੰਕੁਆਇਰੀ) ਬਾਰੇ ਜਾਣਕਾਰੀ ਲਈ ਵੈੱਬਸਾਈਟ ਵੇਖੋ। ਅਨੁਵਾਦ ਵਾਸਤੇ ਸਹਾਇਤਾ ਲਈ ਜਾਂ ਸਬਮਿਸ਼ਨ ਜਮ੍ਹਾਂ ਕਰਵਾਉਣ ਦੀ ਨਿਰਧਾਰਤ ਮਿਤੀ ਨੂੰ ਅੱਗੇ ਵਧਾਉਣ ਦੀ ਬੇਨਤੀ ਲਈ ਕਮੇਟੀ ਸਟਾਫ਼ ਨਾਲ ਸੰਪਰਕ ਕਰੋ।

www.bit.ly/ECEC-Inquiry

(02) 9230 3081

PortfolioCommittee3@parliament.nsw.gov.au

PARLIAMENT NSW